# ਵਿਦੇਸ਼ ਮੰਤਰੀ, ਡਾ. ਐਸ. ਜੈਸ਼ੰਕਰ ਦਾ ਯੂਗਾਂਡਾ ਅਤੇ ਨਾਈਜੀਰੀਆ ਦਾ ਦੌਰਾ (ਜਨਵਰੀ 19-23, 2024)

ਜਨਵਰੀ 18, 2024

ਵਿਦੇਸ਼ ਮੰਤਰੀ, ਡਾ. ਐਸ. ਜੈਸ਼ੰਕਰ 19-20 ਜਨਵਰੀ 2024 ਨੂੰ ਕੰਪਾਲਾ, ਯੂਗਾਂਡਾ ਵਿੱਚ ਹੋਣ ਵਾਲੇ ਗੈਰ-ਗਠਜੋੜ ਅੰਦੋਲਨ (ਐਨਆਏਐਮ) ਦੇ 19ਵੇਂ ਸਿਖਰ ਸੰਮੇਲਨ (ਸਮਿਟ) ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ। ਸਿਖਰ ਸੰਮੇਲਨ (ਸਮਿਟ) ਤੋਂ ਪਹਿਲਾਂ ਮੰਤਰੀ ਅਤੇ ਸੀਨੀਅਰ ਅਧਿਕਾਰੀਆਂ ਦੇ ਪੱਧਰ 'ਤੇ ਵਿਚਾਰ-ਸਾਂਝੇ ਕੀਤੇ ਜਾਣਗੇ। ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ ਡਾ. ਰਾਜਕੁਮਾਰ ਰੰਜਨ ਸਿੰਘ ਐਨਏਐਮ ਵਿਦੇਸ਼ ਮੰਤਰੀਆਂ ਦੀ ਮੀਟਿੰਗ ਜਿਹੜੀ ਐਨਏਐਮ ਸਮਿਟ ਤੋਂ ਪਹਿਲਾ ਹੋਵੇਗੀ, ਵਿੱਚ ਭਾਰਤ ਦੀ ਨੁਮਾਇੰਦਗੀ ਕਰ ਰਹੇ ਹਨ। ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ, ਸ਼੍ਰੀ ਵੀ. ਮੁਰਲੀਧਰਨ 21-22 ਜਨਵਰੀ 2024 ਨੂੰ ਕੰਪਾਲਾ ਵਿੱਚ ਹੋਣ ਵਾਲੇ ਜੀ-77 ਤੀਜੇ ਦੱਖਣੀ ਸਿਖਰ ਸੰਮੇਲਨ (ਸਮਿਟ) ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ।

2. ਯੂਗਾਂਡਾ ਦੀ ਪ੍ਰਧਾਨਗੀ ਹੇਠਾਂ 19ਵਾਂ ਐਨਏਐਮ ਸ਼ਿਖਰ ਸੰਮੇਲਨ (ਸਮਿਟ) 'ਸਾਂਝੀ ਗਲੋਬਲ ਸਮਰਿੱਧੀ ਵਾਸਤੇ ਸਹਿਯੋਗ ਨੂੰ ਡੂੰਘਾ ਕਰਨ' ਦੀ ਥੀਮ ਦੇ ਹੇਠਾਂ ਹੋ ਰਿਹਾ ਹੈ ਅਤੇ 120 ਤੋਂ ਵੱਧ ਵਿਕਾਸਸ਼ੀਲ ਦੇਸ਼ਾਂ ਨੂੰ ਮਹੱਤਵਪੂਰਣ ਇਤਿਹਾਸਕ ਮਹੱਤਤਾ ਵਾਲੇ ਪਲੇਟਫਾਰਮ 'ਤੇ ਇਕੱਠੇ ਲਿਆਉਂਦਾ ਹੈ। ਭਾਰਤ ਪੂਰੇ ਦਿਲੋਂ ਐਨਏਐਮ ਵਾਸਤੇ ਯੂਗਾਂਡਾ ਦੀ ਥੀਮ ਦਾ ਸਮਰਥਣ ਕਰਦਾ ਹੈ ਅਤੇ ਯੂਗਾਂਡਾ ਦੀ ਅਗਵਾਈ ਹੇਠਾਂ ਐਨਏਐਮ ਨਾਲ ਜੁੜਣ ਦੀ ਉਮੀਦ ਕਰਦਾ ਹੈ। ਐਨਏਐਮ ਦੇ ਪ੍ਰਮੁੱਖ ਅਤੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਹੋਣ ਦੇ ਵਜੋਂ, ਭਾਰਤ ਅੰਦੋਲਨ ਦੇ ਸਿਧਾਂਤਾਂ ਅਤੇ ਮੁੱਲਾਂ ਪ੍ਰਤੀ ਵਚਨਬੱਧ ਹੈ।

3. ਐਨਏਐਮ ਸਿਖਰ ਸੰਮੇਲਨ (ਸਮਿਟ) ਦੇ ਮੌਕੇ 'ਤੇ, ਵਿਦੇਸ਼ ਮੰਤਰੀ (ਈਏਐਮ) ਵੱਲੋਂ ਯੁਗਾਂਡਾ ਦੀ ਲੀਡਰਸ਼ਿਪ ਅਤੇ ਐਨਏਐਮ ਮੈਂਬਰ ਦੇਸ਼ਾਂ ਦੇ ਹਮਰੁਤਬਾ ਨਾਲ ਮਿਲਣ ਦੀ ਉਮੀਦ ਹੈ।

4. ਵਿਦੇਸ਼ ਮੰਤਰੀ 21-23 ਜਨਵਰੀ 2024 ਤੱਕ ਇੱਕ ਅਧਿਕਾਰਤ ਦੌਰੇ 'ਤੇ ਨਾਈਜੀਰੀਆ ਦੀ ਯਾਤਰਾ ਕਰਨਗੇ। ਵਿਦੇਸ਼ ਮੰਤਰੀ ਆਪਣੇ ਹਮਰੁਤਬਾ ਨਾਲ 6ਵੀਂ ਭਾਰਤ-ਨਾਈਜੀਰੀਆ ਸੰਯੁਕਤ ਕਮਿਸ਼ਨ ਮੀਟਿੰਗ (ਜੇਸੀਐਮ) ਦੀ ਸਹਿ-ਪ੍ਰਧਾਨਗੀ ਕਰਨਗੇ ਅਤੇ ਹੋਰ ਨੇਤਾਵਾਂ ਨਾਲ ਮੁਲਾਕਾਤ ਕਰਨਗੇ । ਵਿਦੇਸ਼ ਮੰਤਰੀ ਨਾਈਜੀਰੀਆ-ਭਾਰਤ ਵਪਾਰ ਪ੍ਰੀਸ਼ਦ ਦੀ ਮੀਟਿੰਗ ਦੇ 3ਜੇ ਸੰਸਕਰਣ ਦਾ ਉਦਘਾਟਨ ਕਰਨਗੇ, ਨਾਈਜੀਰੀਅਨ ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਅਫੇਅਰਜ਼ ਵਿਖੇ ਇੱਕ ਭਾਸ਼ਣ ਦੇਣਗੇ, ਸੀਆਈਆਈ ਦੇ ਵਪਾਰਕ ਪ੍ਰਤੀਨਿਧਾਂ ਨਾਲ ਗੱਲਬਾਤ ਕਰਨਗੇ ਅਤੇ ਮਹਾਤਮਾ ਗਾਂਧੀ ਦੀ ਮੂਰਤੀ ਦਾ ਉਦਘਾਟਨ ਵੀ ਕਰਨਗੇ। ਉਹ ਭਾਰਤੀ ਮਿਸ਼ਨਾਂ ਦੇ ਮੁਖੀਆਂ ਦੀ ਖੇਤਰੀ ਕਾਨਫਰੰਸ ਦੀ ਪ੍ਰਧਾਨਗੀ ਵੀ ਕਰਨਗੇ। ਭਾਰਤ ਅਤੇ ਨਾਈਜੀਰੀਆ ਨੇ ਰਵਾਇਤੀ ਤੌਰ 'ਤੇ ਨਜ਼ਦੀਕੀ ਅਤੇ ਦੋਸਤਾਨਾ ਸਬੰਧਾਂ ਦਾ ਆਨੰਦ ਮਾਣਿਆ ਹੈ। ਵਿਦੇਸ਼ ਮੰਤਰੀ ਦਾ ਨਾਈਜੀਰੀਆ ਨੂੰ ਪਹਿਲਾ ਦੌਰਾ ਦੋਵੇਂ ਦੇਸ਼ਾਂ ਦਰਮਿਆਨ ਦੁਵੱਲੇ ਰਿਸ਼ਤਿਆਂ ਨੂੰ ਹੋਰ ਮਜਬੂਤ ਕਰੇਗਾ।

**ਨਵੀਂ ਦਿੱਲੀ**

**ਜਨਵਰੀ 18, 2024**